ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।
ਪੰਜਵੀਂ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।
(ਵਜੀਫਾ ਸਾਖਾ)

(Through Website)

ਵੱਲ

ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ(ਸਰਕਾਰੀ/ਏਡਿਡ ਸਕੂਲ)

ਮੀਮੋ ਨੰ:8/6-17 ਵਜੀਫਾ(6)
ਮਿਤੀ: 2-5-18

ਵਿਸ਼ਾ:- ਸਮੂਹ ਵਿਦਿਆਰਥੀਆਂ ਦੀ ਆਧਾਰ ਏਨਰੋਲਮੈਂਟ 100% ਕਰਨ ਅਤੇ ਈ-ਪੰਜਾਬ ਪੋਰਟਲ ਤੇ ਅਪਡੇਟ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਦਿਅਕ ਸੈਸ਼ਨ 2018-19 ਸ਼ੁਰੂ ਹੋਣ ਜਾ ਰਿਹਾ ਹੈ।ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਵਿਦਿਆਰਥੀਆਂ ਦੀ ਆਧਾਰ ਏਨਰੋਲਮੈਂਟ 100% ਕੀਤੀ ਜਾਵੇ ਅਤੇ ਇਨ੍ਹਾਂ ਵਿਦਿਆਰਥੀਆਂ ਦੇ ਆਧਾਰ ਨੰਬਰ ਈ-ਪੰਜਾਬ ਪੋਰਟਲ ਤੇ ਅਪਡੇਟ ਵੀ ਕੀਤੇ ਜਾਣ। ਜਿਨ੍ਹਾਂ ਵਿਦਿਆਰਥੀਆਂ ਦੇ ਆਧਾਰ 15 ਸਾਲ ਦੀ ਉਮਰ ਤੋਂ ਪਹਿਲਾਂ ਬਣੇ ਹੋਏ ਹਨ, ਉਨ੍ਹਾਂ ਦੇ ਆਧਾਰ ਅਪਡੇਟ ਕਰਵਾਏ ਜਾਣ। ਕਿਉਂਜੋ ਡੀ.ਬੀ.ਟੀ ਮਿਸ਼ਨ ਤਹਿਤ ਕਿਸੇ ਵੀ ਸਕੀਮ ਅਧੀਨ ਲਾਭ ਲੈਣ ਯੋਗ ਵਿਦਿਆਰਥੀਆਂ ਨੂੰ ਵੀ ਆਧਾਰ ਬੇਸਡ ਪੇਮੈਂਟ ਹੋਣ ਕਾਰਨ ਸਮੂਹ ਵਿਦਿਆਰਥੀਆਂ ਦੇ ਆਧਾਰ ਨੰਬਰ ਅਤੇ ਇਸ ਦੀ ਬੈਂਕ ਖਾਤੇ ਨਾਲ ਸੀਡਿੰਗ ਹੋਣ ਲਾਜਮੀ ਹੈ। ਇਸ ਲਈ ਇਸ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਸਮੂਹ ਵਿਦਿਆਰਥੀਆਂ ਦੀ ਆਧਾਰ ਏਨਰੋਲਮੈਂਟ 100% ਕੀਤੀ ਜਾਣੀ ਯਕੀਨੀ ਬਣਾਈ ਜਾਵੇ।

ਨੋਟ:- ਜਿਨ੍ਹਾਂ ਵਿਦਿਆਰਥੀਆਂ ਦੇ **UID no.** ਅਜੇ ਨਹੀਂ ਆਇਆ, ਪ੍ਰੰਤੂ, ਉਨ੍ਹਾਂ ਕੋਲ **EID no.** ਉਪਲਬਧ ਹਨ, ਉਨ੍ਹਾਂ ਦਾ **EID no.** ਪੋਰਟਲ ਤੇ ਭਰਨ ਦੀ **provision** ਵੀ ਪੋਰਟਲ ਤੇ ਉਪਲਬਧ ਕਰਵਾ ਦਿੱਤੀ ਗਈ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।